

## ਜਦੋਂ ਤੁਹਾਡਾ ਮਾਮਲਾ ਬੇਹੱਦ ਜ਼ਰੂਰੀ ਹੁੰਦਾ ਹੈ

ਜੇ ਤੁਸੀਂ ਆਪਣੇ ਜਾਂ ਆਪਣੇ ਬੱਚੇ/ਨੌਜਵਾਨ ਦੀ ਸੁਰੱਖਿਆ ਬਾਰੇ ਚਿੰਤਤ ਹੋ, ਜਾਂ, ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਪਰਿਸਥਿਤੀ ਬੇਹੱਦ ਜ਼ਰੂਰੀ ਹੈ, ਤਾਂ ਆਪਣੀ ਅਰਜ਼ੀ ਦਾਇਰ ਕਰਦੇ ਸਮੇਂ ਅਦਾਲਤ ਦੇ ਰਜਿਸਟਰੀ ਸਟਾਫ ਨੂੰ ਦੱਸੋ।

## ਤੁਸੀਂ ਕੋਰਸ ਕਿਵੇਂ ਕਰ ਸਕਦੇ ਹੋ?

- ਤੁਸੀਂ ਪੇਰੈਂਟਿੰਗ ਆਫਟਰ ਸੈਪਰੇਸ਼ਨ ਕੋਰਸਾਂ ਤੱਕ ਪਹੁੰਚ ਕਰ ਸਕਦੇ ਹੋ: **www.gov.bc.ca/parentingafterseparation**
- ਤੁਸੀਂ ਇਹਨਾਂ ਕੋਰਸਾਂ ਅਤੇ ਹੋਰ ਸੇਵਾਵਾਂ ਬਾਰੇ ਹੋਰ ਜਾਣਕਾਰੀ ਇੱਥੇ ਵੀ ਲੈ ਸਕਦੇ ਹੋ: **www.gov.bc.ca/familyjustice**

## ਸਰਵਿਸ ਬੀ ਸੀ

ਸਰਵਿਸ ਬੀ ਸੀ ਕੌਂਟੈਕਟ ਸੈਂਟਰ ਤੁਹਾਨੂੰ ਨਜ਼ਦੀਕੀ ਫੈਮਿਲੀ ਜਸਟਿਸ ਸੈਂਟਰ ਜਾਂ ਜਸਟਿਸ ਐਕਸੈਸ ਸੈਂਟਰ ਦਾ ਫ਼ੋਨ ਨੰਬਰ ਦੇ ਸਕਦਾ ਹੈ, ਜੋ ਸੈਪਰੇਸ਼ਨ ਜਾਂ ਤਲਾਕ ਦਾ ਅਨੁਭਵ ਕਰ ਰਹੇ ਪਰਿਵਾਰਾਂ ਲਈ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ।

ਵੈਨਕੂਵਰ ਵਿੱਚ, ਕਾਲ ਕਰੋ: 604 660-2421

ਵਿਕਟੋਰੀਆ ਵਿੱਚ, ਕਾਲ ਕਰੋ: 250 387-6121

ਸੂਬੇ ਦੇ ਹੋਰ ਖੇਤਰਾਂ ਵਿੱਚ, ਟੋਲ ਫ੍ਰੀ ਕਾਲ ਕਰੋ:
1 800 663-7867

**ਡਿਪਾਰਟਮੈਂਟ ਆਫ ਜਸਟਿਸ ਕੈਨੇਡਾ** *ਤੋਂ ਫੰਡ ਸਹਾਇਤਾ ਨਾਲ ਤਿਆਰ ਕੀਤਾ ਗਿਆ।*

*ਸੋਧਿਆ ਗਿਆ: 01/24*

BRITISH COLUMBIA
Ministry of Attorney General

BRITISH COLUMBIA
Ministry of Attorney General

# ਪੇਰੈਂਟਿੰਗ ਆਫਟਰ ਸੈਪਰੇਸ਼ਨ

ਤੁਹਾਡੇ ਬੱਚੇ/ਨੌਜਵਾਨਾਂ ਦੇ ਭਵਿੱਖ ਲਈ



## ਮੁਫਤ ਕੋਰਸ

- ਕੀ ਤੁਸੀਂ ਅਜਿਹੇ ਮਾਪੇ ਜਾਂ ਪਰਿਵਾਰ ਦਾ ਕੋਈ ਹੋਰ ਮੈਂਬਰ ਹੋ ਜੋ ਸੈਪਰੇਸ਼ਨ (ਅਲਿਹਦਗੀ) ਜਾਂ ਤਲਾਕ ਨਾਲ ਨਜਿੱਠ ਰਿਹਾ ਹੈ ਅਤੇ ਉਹਨਾਂ ਫੈਸਲਿਆਂ ਦਾ ਸਾਹਮਣਾ ਕਰ ਰਿਹਾ ਹੈ ਜੋ ਤੁਹਾਡੇ ਬੱਚੇ/ਨੌਜਵਾਨ ਨੂੰ ਪ੍ਰਭਾਵਿਤ ਕਰਦੇ ਹਨ?
- ਕੀ ਤੁਸੀਂ ਕਿਸੇ ਬੱਚੇ/ਨੌਜਵਾਨ ਨੂੰ ਪਰਿਵਾਰਕ ਅਲਿਹਦਗੀ ਤੋਂ ਬਾਅਦ ਤਬਦੀਲੀਆਂ ਮੁਤਾਬਕ ਢਾਲਣ ਵਿੱਚ ਮਦਦ ਕਰ ਰਹੇ ਹੋ?
- ਕੀ ਤੁਸੀਂ ਪਰਿਵਾਰਕ ਝਗੜਿਆਂ ਨੂੰ ਹੱਲ ਕਰਨ ਦੇ ਵਿਕਲਪਾਂ ਬਾਰੇ ਜਾਣਕਾਰੀ ਚਾਹੁੰਦੇ ਹੋ, ਜਿਸ ਵਿੱਚ ਮਿਡਿਏਸ਼ਨ (ਵਿਚੋਲਗੀ), ਕਾਊਂਸਲਿੰਗ ਅਤੇ ਅਦਾਲਤ ਸ਼ਾਮਲ ਹਨ?

## ਪੇਰੈਨਟਿੰਗ ਆਫਟਰ ਸੈਪਰੇਸ਼ਨ (PAS) ਕੀ ਹੈ?

ਮਾਪੇ ਅਤੇ ਜਿਨ੍ਹਾਂ ਲੋਕਾਂ ਕੋਲ ਬੱਚਿਆਂ/ਨੌਜਵਾਨਾਂ ਲਈ ਫੈਸਲੇ ਲੈਣ ਦੀ ਜ਼ਿੰਮੇਵਾਰੀ ਹੈ, ਉਹ ਪੇਰੈਨਟਿੰਗ ਆਫਟਰ ਸੈਪਰੇਸ਼ਨ (ਅਲਿਹਦਗੀ ਤੋਂ ਬਾਅਦ ਬੱਚਿਆਂ ਦੇ ਪਾਲਣ-ਪੋਸ਼ਣ) ਦੇ ਔਨਲਾਈਨ ਕੋਰਸਾਂ ਵਿੱਚੋਂ ਇੱਕ ਕੋਰਸ ਲੈ ਸਕਦੇ ਹਨ।

'ਪੇਰੈਨਟਿੰਗ ਆਫਟਰ ਸੈਪਰੇਸ਼ਨ' ਅਟਰਨੀ ਜਨਰਲ ਮੰਤਰਾਲੇ ਦੁਆਰਾ ਉਪਲਬਧ ਕਰਵਾਇਆ ਜਾਂਦਾ ਹੈ। ਇਨ੍ਹਾਂ ਕੋਰਸਾਂ ਦਾ ਉਦੇਸ਼ ਲੋਕਾਂ ਨੂੰ ਪਰਿਵਾਰਕ ਅਲਿਹਦਗੀ ਬਾਰੇ ਸੋਚ-ਸਮਝ ਕੇ ਉਹ ਚੋਣਾਂ ਕਰਨ ਵਿੱਚ ਮਦਦ ਕਰਨਾ ਹੈ, ਜੋ ਬੱਚੇ ਦੀ ਸਭ ਤੋਂ ਵੱਧ ਸਲਾਮਤੀ 'ਤੇ ਧਿਆਨ ਕੇਂਦਰਿਤ ਕਰਦੇ ਹਨ।

ਜੇ ਤੁਸੀਂ ਜਾਂ ਤੁਹਾਡੇ ਪਰਿਵਾਰ ਦਾ ਕੋਈ ਮੈਂਬਰ ਇੰਡੀਜਨਸ (ਮੂਲਵਾਸੀ) ਵਜੋਂ ਪਛਾਣ ਕਰਦੇ ਹੋ, ਤਾਂ ਤੁਸੀਂ ਇੰਡੀਜਨਸ ਪਰਿਵਾਰਾਂ ਲਈ 'ਪੇਰੈਨਟਿੰਗ ਆਫਟਰ ਸੈਪਰੇਸ਼ਨ' ਕੋਰਸ (Parenting After Separation for Indigenous Families) ਔਨਲਾਈਨ ਲੈ ਸਕਦੇ ਹੋ।



## ਤੁਸੀਂ ਕੀ ਸਿੱਖੋਗੇ?

- ਬਾਲਗ ਅਤੇ ਬੱਚੇ/ਨੌਜਵਾਨ ਸੈਪਰੇਸ਼ਨ ਦੀ ਪ੍ਰਕਿਰਿਆ ਦਾ ਅਨੁਭਵ ਕਿਵੇਂ ਕਰਦੇ ਹਨ।
- ਪਰਿਵਾਰਾਂ ਨੂੰ ਤਬਦੀਲੀਆਂ ਮੁਤਾਬਕ ਢਲਣ ਵਿੱਚ ਮਦਦ ਕਰਨ ਲਈ ਕਾਰਜਨੀਤੀਆਂ। ਸੈਪਰੇਸ਼ਨ ਬਾਰੇ ਬੱਚਿਆਂ/ਨੌਜਵਾਨਾਂ ਨਾਲ ਕਿਵੇਂ ਗੱਲ ਕਰਨੀ ਹੈ।
- ਝਗੜੇ ਨੂੰ ਘਟਾਉਣ ਲਈ ਗੱਲ-ਬਾਤ ਕਰਨ ਦੇ ਅਸਰਦਾਰ ਤਰੀਕੇ। ਬੱਚਿਆਂ/ਨੌਜਵਾਨਾਂ ਨੂੰ ਝਗੜੇ ਵਿੱਚੋਂ ਕਿਵੇਂ ਬਾਹਰ ਰੱਖਿਆ ਜਾਵੇ।
- ਪਰਿਵਾਰਕ ਝਗੜਿਆਂ ਨੂੰ ਹੱਲ ਕਰਨ ਲਈ ਵਿਕਲਪ, ਜਿਸ ਵਿੱਚ ਮਿਡਿਏਸ਼ਨ (ਵਿਚੋਲਗੀ), ਕਾਊਂਸਲਿੰਗ ਅਤੇ ਅਦਾਲਤੀ ਪ੍ਰਕਿਰਿਆ ਸ਼ਾਮਲ ਹੈ।
- ਚਾਈਲਡ ਸੁਪੋਰਟ ਗਾਈਡਲਾਈਨਜ਼ (ਬਾਲ ਸਹਾਇਤਾ ਲਈ ਦਿਸ਼ਾ-ਨਿਰਦੇਸ਼) ਕਿਵੇਂ ਲਾਗੂ ਕੀਤੇ ਜਾਂਦੇ ਹਨ। ਮਾਪਿਆਂ ਅਤੇ ਬੱਚਿਆਂ/ਨੌਜਵਾਨਾਂ ਲਈ ਕਮਿਊਨਿਟੀ ਵਿੱਚ ਉਪਲਬਧ ਸਰੋਤ।

ਕਨੂੰਨੀ ਸਲਾਹ ਨਹੀਂ ਦਿੱਤੀ ਜਾਂਦੀ।

## ਇਸਦੀ ਕੀਮਤ ਕਿੰਨੀ ਹੈ?

ਪੇਰੈਨਟਿੰਗ ਆਫਟਰ ਸੈਪਰੇਸ਼ਨ ਮੁਫਤ ਹੈ।

## ਪੇਰੈਨਟਿੰਗ ਆਫਟਰ ਸੈਪਰੇਸ਼ਨ ਕੋਰਸ ਕੌਣ ਲੈਂਦਾ ਹੈ ਅਤੇ ਕਦੋਂ?

ਪੇਰੈਨਟਿੰਗ ਆਫਟਰ ਸੈਪਰੇਸ਼ਨ' ਗਾਰਡਿਅਨਸ਼ਿਪ (ਸਰਪ੍ਰਸਤੀ), ਮਾਪਿਆਂ ਦੀਆਂ ਜ਼ਿੰਮੇਵਾਰੀਆਂ, ਪਾਲਣ-ਪੋਸ਼ਣ ਦੇ ਸਮੇਂ, ਕਿਸੇ ਬੱਚੇ/ਨੌਜਵਾਨ ਨਾਲ ਸੰਪਰਕ ਅਤੇ/ਜਾਂ ਸਹਾਇਤਾ ਦੇ ਮੁੱਦਿਆਂ ਨਾਲ ਨਜਿੱਠਣ ਵਾਲੇ ਸਾਰੇ ਬਾਲਗਾਂ ਲਈ ਔਨਲਾਈਨ ਉਪਲਬਧ ਹੈ।

ਬ੍ਰਿਟਿਸ਼ ਕੋਲੰਬੀਆ ਵਿੱਚ, ਮਾਪਿਆਂ ਲਈ 'ਪੇਰੈਨਟਿੰਗ ਆਫਟਰ ਸੈਪਰੇਸ਼ਨ' ਕੋਰਸ ਪੂਰਾ ਕਰਨਾ ਅਤੇ ਅਦਾਲਤ ਜਾਣ ਤੋਂ ਪਹਿਲਾਂ ਗਾਰਡਿਅਨਸ਼ਿਪ, ਪਾਲਣ-ਪੋਸ਼ਣ ਦੇ ਪ੍ਰਬੰਧਾਂ (ਮਾਪਿਆਂ ਦੀਆਂ ਜ਼ਿੰਮੇਵਾਰੀਆਂ, ਪਾਲਣ-ਪੋਸ਼ਣ ਦੇ ਸਮੇਂ ਸਮੇਤ), ਕਿਸੇ ਬੱਚੇ/ਨੌਜਵਾਨ ਨਾਲ ਸੰਪਰਕ, ਬਾਲ ਸਹਾਇਤਾ ਅਤੇ ਪਤੀ-ਪਤਨੀ ਦੀ ਸਹਾਇਤਾ ਵਰਗੇ ਮਾਮਲਿਆਂ ਬਾਰੇ 'ਸਰਟੀਫਿਕੇਟ ਔਫ ਕੰਪਲੀਸ਼ਨ' ਪ੍ਰਾਪਤ ਕਰਨਾ **ਲਾਜ਼ਮੀ** ਹੈ। ਇਸ ਵਿੱਚ ਇਨ੍ਹਾਂ ਮਾਮਲਿਆਂ ਲਈ ਮੌਜੂਦਾ ਅਦਾਲਤੀ ਔਰਡਰ ਨੂੰ ਬਦਲਣਾ ਵੀ ਸ਼ਾਮਲ ਹੈ। 'ਬੀ ਸੀ ਪੇਰੈਨਟਿੰਗ ਆਫਟਰ ਸੈਪਰੇਸ਼ਨ' ਕੋਰਸਾਂ ਵਿੱਚੋਂ ਕਿਸੇ ਇੱਕ ਲਈ ਸਰਟੀਫਿਕੇਟ ਅਦਾਲਤ ਦੀ ਜ਼ਰੂਰਤ ਨੂੰ ਪੂਰਾ ਕਰਦੇ ਹਨ। ਤੁਹਾਡੇ ਸਰਟੀਫਿਕੇਟ ਦੀ ਮਿਆਦ 24 ਮਹੀਨਿਆਂ ਬਾਅਦ ਖਤਮ ਹੋ ਜਾਂਦੀ ਹੈ।

ਕੋਰਸ ਨੂੰ ਪੂਰਾ ਕਰਨ ਦੀ ਲੋੜ ਇਹਨਾਂ 'ਤੇ ਲਾਗੂ ਹੁੰਦੀ ਹੈ:

- ਦੋਵੇਂ ਮਾਪੇ, ਚਾਹੇ ਉਹ ਵਿਆਹੇ ਹੋਏ ਹੋਣ, ਕੌਮਨ ਲਾਅ ਹੋਣ ਜਾਂ ਕਦੇ ਇਕੱਠੇ ਨਹੀਂ ਰਹੇ।
- ਹੋਰ ਧਿਰਾਂ ਜਿਨ੍ਹਾਂ ਨੇ ਅਦਾਲਤ ਵਿੱਚ ਅਰਜ਼ੀ ਦਿੱਤੀ ਹੈ, ਜਿਵੇਂ ਕਿ ਦਾਦਾ-ਦਾਦੀ/ਨਾਨਾ-ਨਾਨੀ ਅਤੇ ਮਤਰੇਏ ਮਾਪੇ।